DHCS
CALIFORNIA DEPARTMENT OF
HEALTH CARE SERVICES

Medi-Cal

# ਤੁਹਾਡੇ ਅਧਿਕਾਰਾਂ ਅਤੇ ਲਾਭਾਂ ਬਾਰੇ ਵਾਧੂ ਜਾਣਕਾਰੀ ਦਾ ਨੋਟਿਸ

1. **Medi-Cal Dental Managed Care (DMC) ਪਲਾਨ ਕੀ ਹੈ?**

   Medi-Cal DMC ਪਲਾਨ ਤੁਹਾਨੂੰ Medi-Cal ਵੱਲੋਂ ਸ਼ਾਮਲ ਕੀਤੀਆਂ ਦੰਦਾਂ ਸਬੰਧੀ ਸੇਵਾਵਾਂ ਦੇਣ ਲਈ ਤੁਹਾਡੇ ਖੇਤਰ ਵਿੱਚਲੇ ਦੰਦਾਂ ਦੇ ਡਾਕਟਰਾਂ ਦੇ ਨਾਲ ਤੁਹਾਡੇ ਡੈਂਟਲ ਲਾਭਾਂ ਦਾ ਤਾਲਮੇਲ ਬਿਠਾਉਂਦਾ ਹੈ। Medi-Cal DMC ਪਲਾਨ ਵਿਚਲੇ ਮੈਂਬਰਾਂ ਲਈ ਲਾਜ਼ਮੀ ਹੈ ਕਿ ਉਹ ਜ਼ਿਆਦਾਤਰ ਆਪਣੇ Medi-Cal DMC ਪਲਾਨ ਦੇ ਪ੍ਰਦਾਤਾ ਨੈੱਟਵਰਕ ਵਿਚਲਾ ਦੰਦਾਂ ਦਾ ਡਾਕਟਰ ਵਰਤਣ।

   ਜੇਕਰ ਤੁਸੀਂ **Sacramento ਕਾਊਂਟੀ** ਵਿੱਚ ਰਹਿੰਦੇ ਹੋ, ਤਾਂ ਕੁਝ ਛੋਟਾਂ ਦੇ ਨਾਲ, ਤੁਹਾਡੇ ਲਈ Medi-Cal DMC ਪਲਾਨ ਦੀ ਚੋਣ ਕਰਨਾ ਲਾਜ਼ਮੀ ਹੈ।

   ਜੇਕਰ ਤੁਸੀਂ **Los Angeles ਕਾਊਂਟੀ** ਵਿੱਚ ਰਹਿੰਦੇ ਹੋ, ਤਾਂ ਤੁਸੀਂ Medi-Cal DMC ਪਲਾਨ ਵਿੱਚ ਨਾਮਾਂਕਣ ਕਰਵਾਉਣ ਦੀ ਚੋਣ ਕਰ ਸਕਦੇ ਹੋ ਜਾਂ ਤੁਸੀਂ Medi-Cal Dental Fee-For-Service (FFS) ਦੀ ਚੋਣ ਕਰ ਸਕਦੇ ਹੋ।

2. **ਕੀ ਮੈਂ ਆਪਣਾ ਦੰਦਾਂ ਦਾ ਡਾਕਟਰ ਰੱਖ ਸਕਦਾ/ਸਕਦੀ ਹਾਂ, ਜੇਕਰ ਉਹ ਮੇਰੇ ਨਵੇਂ Medi-Cal DMC ਪਲਾਨ ਨੈੱਟਵਰਕ ਵਿੱਚ ਨਹੀਂ ਹੈ?**

   ਜੇਕਰ ਤੁਸੀਂ ਪਿਛਲੇ 12 ਮਹੀਨਿਆਂ ਵਿੱਚ ਕਿਸੇ ਅਜਿਹੇ Medi-Cal ਦੰਦਾਂ ਦੇ ਡਾਕਟਰ ਕੋਲ ਗਏ ਹੋ, ਜੋ ਤੁਹਾਡੇ ਨਵੇਂ Medi-Cal DMC ਪਲਾਨ ਨੈੱਟਵਰਕ ਵਿੱਚ ਨਹੀਂ ਹੈ, ਤਾਂ ਤੁਸੀਂ ਅਸਥਾਈ ਤੌਰ ਤੇ ਆਪਣੇ ਦੰਦਾਂ ਦੇ ਡਾਕਟਰ ਨੂੰ ਰੱਖਣ ਦੇ ਯੋਗ ਹੋ ਸਕਦੇ ਹੋ, ਜੇਕਰ ਤੁਸੀਂ ਆਪਣੇ ਨਵੇਂ ਪਲਾਨ ਤੋਂ "ਦੇਖਭਾਲ ਦੀ ਨਿਰੰਤਰਤਾ" (continuity of care) ਦੀ ਮੰਗ ਕਰਦੇ ਹੋ।

   ਦੇਖਭਾਲ ਦੀ ਨਿਰੰਤਰਤਾ ਦੇ ਨਾਲ ਤੁਸੀਂ ਨਵੇਂ Medi-Cal DMC ਪਲਾਨ ਵਿੱਚ ਸ਼ਾਮਲ ਹੋਣ ਤੋਂ ਬਾਅਦ 12 ਮਹੀਨਿਆਂ ਤੱਕ ਆਪਣੇ Medi-Cal ਦੰਦਾਂ ਦੇ ਡਾਕਟਰ ਨੂੰ ਰੱਖਣ ਯੋਗ ਹੋ ਸਕਦੇ ਹੋ।

   ਤੁਹਾਡਾ ਦੰਦਾਂ ਦਾ ਡਾਕਟਰ ਨਵੇਂ Medi-Cal DMC ਪਲਾਨ ਨਾਲ ਕੰਮ ਕਰਨ ਲਈ ਸਹਿਮਤ ਹੋ ਸਕਦਾ ਹੈ। 12 ਮਹੀਨਿਆਂ ਤੱਕ ਅਜਿਹਾ ਚੱਲ ਸਕਦਾ ਹੈ। ਜੇਕਰ ਤੁਸੀਂ ਦੇਖਭਾਲ ਦੀ ਨਿਰੰਤਰਤਾ ਚਾਹੁੰਦੇ ਹੋ, ਤਾਂ ਨਵੇਂ Medi-Cal DMC ਪਲਾਨ ਵਿੱਚ ਸ਼ਾਮਲ ਹੋਣ ਤੋਂ ਬਾਅਦ ਆਪਣੇ ਨਵੇਂ Medi-Cal DMC ਪਲਾਨ ਦੀਆਂ ਮੈਂਬਰ ਸੇਵਾਵਾਂ ਨੂੰ ਫੋਨ ਕਰੋ। ਜੇਕਰ ਤੁਹਾਡਾ ਦੰਦਾਂ ਦਾ ਡਾਕਟਰ ਤੁਹਾਡੇ ਨਵੇਂ Medi-Cal DMC ਪਲਾਨ ਨਾਲ ਕੰਮ ਕਰਨ ਲਈ ਸਹਿਮਤ **ਨਹੀਂ** ਹੁੰਦਾ ਹੈ, ਤਾਂ ਪਲਾਨ ਨਵਾਂ ਦੰਦਾਂ ਦਾ ਡਾਕਟਰ ਲੱਭਣ ਵਿੱਚ ਤੁਹਾਡੀ ਮਦਦ ਕਰੇਗਾ।

   ਆਪਣੇ Medi-Cal DMC ਪਲਾਨ ਦੇ ਵਿਕਲਪਾਂ ਬਾਰੇ ਵਧੇਰੇ ਜਾਣਕਾਰੀ ਲਈ, **www.healthcareoptions.dhcs.ca.gov** 'ਤੇ ਜਾਓ।

3. **ਕੀ ਹੋਵੇਗਾ, ਜੇਕਰ XX/XX/XXXX ਨੂੰ ਜਾਂ ਇਸਦੇ ਬਾਅਦ ਮੇਰੀਆਂ ਅਪੋਇੰਟਮੈਂਟਾਂ ਹੋਣ?**

   ਆਪਣੇ ਨਵੇਂ Medi-Cal DMC ਪਲਾਨ ਨਾਲ ਆਪਣੀਆਂ ਮੁਲਾਕਾਤਾਂ ਤੈਅ ਕਰਨ ਲਈ ਆਪਣੇ ਮੌਜੂਦਾ ਦੰਦਾਂ ਦੇ ਡਾਕਟਰ ਦੇ ਨਾਲ ਕੰਮ ਕਰੋ। ਤੁਹਾਡੇ ਦੰਦਾਂ ਦੇ ਡਾਕਟਰ ਨੂੰ ਤੁਹਾਡੀਆਂ ਨਵੀਆਂ ਮੁਲਾਕਾਤਾਂ ਜਾਂ ਸੇਵਾਵਾਂ ਤੈਅ ਕਰਨ ਤੋਂ ਪਹਿਲਾਂ ਤੁਹਾਡੇ ਨਵੇਂ ਪਲਾਨ ਤੋਂ ਮਨਜ਼ੂਰੀ ਲੈਣ ਦੀ ਲੋੜ ਪੈ ਸਕਦੀ ਹੈ।

4. **ਕੀ ਮੈਂ ਉਹ ਅਪੋਇੰਟਮੈਂਟਾਂ ਰੱਖ ਸਕਦਾ/ਸਕਦੀ ਹਾਂ, ਜੋ ਮੇਰੀਆਂ Medi-Cal ਮਾਹਰ ਨਾਲ ਹਨ?**

   ਜੇਕਰ ਨਵੇਂ Medi-Cal DMC ਪਲਾਨ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ Medi-Cal ਮਾਹਰ ਨਾਲ ਤੁਹਾਡੀ ਅਪੋਇੰਟਮੈਂਟ ਤੈਅ ਹੈ, ਤਾਂ ਤੁਸੀਂ ਆਪਣੀ ਮੁਲਾਕਾਤ ਰੱਖਣ ਯੋਗ ਹੋ ਸਕਦੇ ਹੋ।

   ਪਲਾਨ ਵਿੱਚ ਸ਼ਾਮਲ ਹੋਣ ਦੇ ਬਾਅਦ ਆਪਣੇ Medi-Cal DMC ਪਲਾਨ ਦੀਆਂ ਮੈਂਬਰ ਸੇਵਾਵਾਂ ਨੂੰ ਫੋਨ ਕਰੋ। ਆਪਣੇ Medi-Cal DMC ਪਲਾਨ ਨੂੰ ਪੁੱਛੋ ਕਿ ਕੀ ਤੁਸੀਂ ਇਹ ਅਪੋਇੰਟਮੈਂਟ ਰੱਖ ਸਕਦੇ ਹੋ। ਮਾਹਰ ਪਹਿਲਾਂ ਹੀ ਤੁਹਾਡੇ ਨਵੇਂ Medi-Cal DMC ਪਲਾਨ ਨੈੱਟਵਰਕ ਵਿੱਚ ਹੋ ਸਕਦਾ ਹੈ ਜਾਂ ਉਹ ਇਸ ਵਿੱਚ ਸ਼ਾਮਲ ਹੋਣ ਲਈ ਸਹਿਮਤੀ ਦੇ ਸਕਦੇ ਹਨ।



MU_0005218_PUN1_0224

5. **ਜਦੋਂ ਮੈਂ Medi-Cal DMC ਪਲਾਨ ਵਿੱਚ ਚਲਾ ਜਾਵਾਂ ਤਾਂ ਕੀ ਮੈਨੂੰ ਨਵੀਂ ਇਜਾਜ਼ਤ ਦੀ ਲੋੜ ਹੋਵੇਗੀ?**

   ਜੇਕਰ ਤੁਸੀਂ ਅਜਿਹੀ Medi-Cal ਸੇਵਾ ਜਾਂ ਇਲਾਜ ਪ੍ਰਾਪਤ ਕਰ ਰਹੇ ਹੋ, ਜਿਸ ਵਾਸਤੇ ਪੂਰਵ ਇਜਾਜ਼ਤ (ਮਨਜ਼ੂਰੀ) ਦੀ ਲੋੜ ਨਹੀਂ ਹੈ, ਤਾਂ ਤੁਸੀਂ ਉਹ ਸੇਵਾ ਜਾਂ ਇਲਾਜ ਪ੍ਰਾਪਤ ਕਰਦੇ ਰਹਿ ਸਕਦੇ ਹੋ। ਜੇਕਰ ਤੁਹਾਨੂੰ XX/XX/XXXX ਤੋਂ ਬਾਅਦ ਸੇਵਾ ਜਾਂ ਇਲਾਜ ਜਾਰੀ ਰੱਖਣ ਦੀ ਲੋੜ ਹੈ, ਤਾਂ ਆਪਣੇ Medi-Cal Dental Managed Care ਪਲਾਨ ਵਿੱਚ ਸ਼ਾਮਲ ਹੋਣ ਤੋਂ ਬਾਅਦ ਪਲਾਨ ਦੀਆਂ ਮੈਂਬਰ ਸੇਵਾਵਾਂ ਨੂੰ ਫੋਨ ਕਰੋ।

   ਜੇਕਰ ਤੁਹਾਡੇ ਕੋਲ Medi-Cal ਸੇਵਾ ਲਈ ਤੁਹਾਡੇ ਮੌਜੂਦਾ ਦੰਦਾਂ ਦੇ ਡਾਕਟਰ ਵੱਲੋਂ ਮੌਜੂਦਾ ਇਜਾਜ਼ਤ ਹੈ, ਤਾਂ ਤੁਸੀਂ ਆਪਣੀ ਮੌਜੂਦਾ ਇਜਾਜ਼ਤ ਵਰਤਦੇ ਰਹਿ ਸਕਦੇ ਹੋ।

   ਜੇਕਰ ਤੁਹਾਡਾ Medi-Cal ਦੰਦਾਂ ਦਾ ਡਾਕਟਰ ਤੁਹਾਡੇ ਨਵੇਂ Medi-Cal DMC ਪਲਾਨ ਦੇ ਨੈੱਟਵਰਕ ਵਿੱਚ ਨਹੀਂ ਹੈ, ਤਾਂ ਤੁਹਾਨੂੰ XX/XX/XXXX ਨੂੰ ਜਾਂ ਇਸਦੇ ਬਾਅਦ ਆਪਣੀ ਸੇਵਾ ਜਾਂ ਇਲਾਜ ਪ੍ਰਾਪਤ ਕਰਦੇ ਰਹਿਣ ਲਈ ਨਵੇਂ ਦੰਦਾਂ ਦੇ ਡਾਕਟਰ ਕੋਲ ਜਾਣ ਦੀ ਲੋੜ ਹੋ ਸਕਦੀ ਹੈ। ਇਹ ਪਤਾ ਲਗਾਉਣ ਲਈ ਕਿ ਕੀ ਤੁਹਾਡਾ ਦੰਦਾਂ ਦਾ ਡਾਕਟਰ ਤੁਹਾਡੇ ਨਵੇਂ Medi-Cal DMC ਪਲਾਨ ਦੇ ਨੈੱਟਵਰਕ ਵਿੱਚ ਹੈ, ਪਲਾਨ ਨੂੰ ਫੋਨ ਕਰੋ। ਜੇਕਰ ਤੁਹਾਡਾ ਦੰਦਾਂ ਦਾ ਡਾਕਟਰ ਤੁਹਾਡੇ ਨਵੇਂ ਪਲਾਨ ਦੇ ਨੈੱਟਵਰਕ ਵਿੱਚ ਨਹੀਂ ਹੈ, ਤਾਂ ਤੁਸੀਂ ਦੇਖਭਾਲ ਦੀ ਨਿਰੰਤਰਤਾ ਦੀ ਮੰਗ ਕਰ ਸਕਦੇ ਹੋ, ਜਿਵੇਂ ਭਾਗ 2 ਵਿੱਚ ਦੱਸਿਆ ਗਿਆ ਹੈ।

6. **ਕੀ ਹੋਵੇਗਾ, ਜੇਕਰ ਮੈਨੂੰ ਬਿਲ ਮਿਲਦਾ ਹੈ?**

   ਜੇਕਰ ਤੁਹਾਨੂੰ ਦੰਦਾਂ ਦੇ ਡਾਕਟਰ ਤੋਂ ਜਾਂ ਆਪਣੇ ਮੌਜੂਦਾ Medi-Cal DMC ਪਲਾਨ ਤੋਂ ਬਿਲ ਮਿਲਦਾ ਹੈ, ਤਾਂ ਆਪਣੇ ਮੌਜੂਦਾ Medi-Cal DMC ਪਲਾਨ ਨੂੰ ਫੋਨ ਕਰੋ। ਉਹ ਤੁਹਾਨੂੰ ਦੱਸਣਗੇ ਕਿ ਤੁਹਾਨੂੰ ਬਿਲ ਦਾ ਭੁਗਤਾਨ ਕਰਨ ਦੀ ਲੋੜ ਹੈ ਜਾਂ ਨਹੀਂ। ਜੇਕਰ ਤੁਸੀਂ ਨੈੱਟਵਰਕ-ਤੋਂ-ਬਾਹਰ ਦੇ ਦੰਦਾਂ ਦੇ ਡਾਕਟਰਾਂ ਲਈ ਆਪਣੇ Medi-Cal DMC ਪਲਾਨ ਦੀ ਇਜਾਜ਼ਤ ਦੇ ਬਿਨਾਂ ਦੇਖਭਾਲ ਪ੍ਰਾਪਤ ਕੀਤੀ ਹੈ, ਤਾਂ ਤੁਹਾਨੂੰ ਬਿਲ ਦਾ ਭੁਗਤਾਨ ਕਰਨਾ ਪੈ ਸਕਦਾ ਹੈ।

   ਜੇਕਰ ਤੁਹਾਨੂੰ ਉਸ ਸੇਵਾ ਲਈ ਬਿਲ ਮਿਲਦਾ ਹੈ, ਜੋ ਤੁਸੀਂ ਆਪਣੇ **ਨਵੇਂ** Medi-Cal DMC ਪਲਾਨ ਨਾਲ ਪ੍ਰਾਪਤ ਕੀਤੀ ਹੈ, ਤਾਂ ਇਹ ਪਤਾ ਲਗਾਉਣ ਲਈ ਆਪਣੇ ਨਵੇਂ ਪਲਾਨ ਨੂੰ ਫੋਨ ਕਰੋ ਕਿ ਕੀ ਤੁਹਾਨੂੰ ਬਿਲ ਦਾ ਭੁਗਤਾਨ ਕਰਨ ਦੀ ਲੋੜ ਹੈ।

7. **ਮੈਂ ਕਿਸੇ Medi-Cal DMC ਪਲਾਨ ਦੀ ਚੋਣ ਕਿਵੇਂ ਕਰਾਂ?**

   ਤੁਹਾਡੇ ਵਿਕਲਪ ਉਸ ਕਾਊਂਟੀ ਤੇ ਨਿਰਭਰ ਕਰਦੇ ਹਨ, ਜਿਸ ਵਿੱਚ ਤੁਸੀਂ ਰਹਿੰਦੇ ਹੋ।

   ਜੇਕਰ ਤੁਸੀਂ **Sacramento ਕਾਊਂਟੀ** ਵਿੱਚ ਰਹਿੰਦੇ ਹੋ, ਤਾਂ ਤੁਹਾਡੇ ਲਈ Medi-Cal DMC ਪਲਾਨ ਦੀ ਚੋਣ ਕਰਨਾ ਲਾਜ਼ਮੀ ਹੈ। ਜੇਕਰ ਤੁਸੀਂ Sacramento ਕਾਊਂਟੀ ਵਿੱਚ ਰਹਿੰਦੇ ਹੋ ਅਤੇ ਕਿਸੇ Medi-Cal DMC ਪਲਾਨ ਦੀ ਚੋਣ ਨਹੀਂ ਕਰਦੇ ਹੋ, ਤਾਂ Department of Health Care Services (DHCS) ਤੁਹਾਡੇ ਲਈ ਇੱਕ Medi-Cal DMC ਪਲਾਨ ਦੀ ਚੋਣ ਕਰੇਗਾ।

   ਜੇਕਰ ਤੁਸੀਂ **Los Angeles ਕਾਊਂਟੀ** ਵਿੱਚ ਰਹਿੰਦੇ ਹੋ, ਤਾਂ ਤੁਸੀਂ Medi-Cal DMC ਪਲਾਨ ਵਿੱਚ ਨਾਮਾਂਕਣ ਕਰਵਾਉਣ ਦੀ ਚੋਣ ਕਰ ਸਕਦੇ ਹੋ। ਜਾਂ ਤੁਸੀਂ Medi-Cal Dental Fee-For-Service (FFS) ਦੀ ਚੋਣ ਕਰ ਸਕਦੇ ਹੋ।

   ਜੇਕਰ ਤੁਸੀਂ **San Mateo ਕਾਊਂਟੀ** ਵਿੱਚ ਰਹਿੰਦੇ ਹੋ, ਤਾਂ ਤੁਸੀਂ ਦੰਦਾਂ ਸਬੰਧੀ ਸੇਵਾਵਾਂ Health Plan of San Mateo (HPSM) ਜਾਂ Medi-Cal Dental FFS ਰਾਹੀਂ ਪ੍ਰਾਪਤ ਕਰੋਗੇ।

   - ਜੇਕਰ ਤੁਸੀਂ HPSM ਵਿੱਚ ਨਾਮਾਂਕਿਤ ਹੋ, ਤਾਂ ਤੁਸੀਂ ਦੰਦਾਂ ਸਬੰਧੀ ਸੇਵਾਵਾਂ HPSM ਰਾਹੀਂ ਪ੍ਰਾਪਤ ਕਰੋਗੇ। HPSM ਬਾਰੇ ਹੋਰ ਜਾਣਨ ਲਈ, ਮੈਂਬਰ ਸੇਵਾਵਾਂ ਨੂੰ ਸੋਮਵਾਰ - ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ 1-800-750-4776 (TTY: 1-800-735-2929) ਤੇ ਫੋਨ ਕਰੋ।

   - ਜੇਕਰ ਤੁਸੀਂ Kaiser ਵਿੱਚ ਨਾਮਾਂਕਿਤ ਹੋ, ਤਾਂ ਤੁਸੀਂ ਦੰਦਾਂ ਸਬੰਧੀ ਸੇਵਾਵਾਂ Medi-Cal Dental FFS ਰਾਹੀਂ ਪ੍ਰਾਪਤ ਕਰੋਗੇ। ਦੰਦਾਂ ਸਬੰਧੀ ਪ੍ਰਦਾਤਾ ਲੱਭਣ ਲਈ, ਤੁਸੀਂ Medi-Cal ਡੈਂਟਲ ਦੇ ਗਾਹਕ ਸੇਵਾ ਕੇਂਦਰ ਨੂੰ ਸੋਮਵਾਰ – ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ 1-800-322-6384 (TTY: 1-800-735-2922) 'ਤੇ ਫੋਨ ਕਰ ਸਕਦੇ ਹੋ।

ਤੁਸੀਂ ਫੋਨ ਦੁਆਰਾ Medi-Cal DMC ਪਲਾਨ ਵਿੱਚ ਨਾਮਾਂਕਣ ਕਰਾ ਸਕਦੇ ਹੋ। Medi-Cal Health Care Options (HCO) ਨੂੰ ਸੋਮਵਾਰ - ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ 1-833-387-7723 (TTY: 1-800-430-7077) 'ਤੇ ਫੋਨ ਕਰੋ। ਜਾਂ **www.healthcareoptions.dhcs.ca.gov** 'ਤੇ ਔਨਲਾਈਨ ਨਾਮਾਂਕਣ ਕਰਵਾਓ।

ਤੁਹਾਡੇ ਕੋਲ ਕਿਸੇ ਵੀ ਸਮੇਂ ਆਪਣੇ Medi-Cal DMC ਪਲਾਨ ਨੂੰ ਬਦਲਣ ਦਾ ਹੱਕ ਹੈ। Medi-Cal HCO ਨੂੰ ਸੋਮਵਾਰ - ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ 1-833-387-7723 (TTY: 1-800-430-7077) 'ਤੇ ਫੋਨ ਕਰੋ। ਜਾਂ **www.healthcareoptions.dhcs.ca.gov** 'ਤੇ ਜਾਓ।

**8. Medi-Cal Health Care Options ਕੀ ਹੈ?**

Medi-Cal Health Care Options (HCO) ਇੱਕ ਅਜਿਹੀ ਸੇਵਾ ਹੈ, ਜੋ ਮੈਂਬਰਾਂ ਨੂੰ Medi-Cal ਪਲਾਨਾਂ ਬਾਰੇ ਜਾਣਨ ਵਿੱਚ ਮਦਦ ਕਰਦੀ ਹੈ। Department of Health Care Services ਮੈਂਬਰਾਂ ਨੂੰ ਉਹਨਾਂ ਦੀ Medi-Cal ਕਵਰੇਜ ਬਾਰੇ ਸਹੀ ਚੋਣਾਂ ਕਰਨ ਵਿੱਚ ਮਦਦ ਕਰਨ ਲਈ ਇਸ ਸੇਵਾ ਦੀ ਪੇਸ਼ਕਸ਼ ਕਰਦਾ ਹੈ।

Medi-Cal HCO ਦੀ ਵੈੱਬਸਾਈਟ **www.healthcareoptions.dhcs.ca.gov** ਹੈ।

ਵਧੇਰੇ ਜਾਣਕਾਰੀ ਲਈ, Medi-Cal HCO ਨੂੰ ਸੋਮਵਾਰ - ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ 1-833-387-7723 (TTY: 1-800-430-7077) 'ਤੇ ਫੋਨ ਕਰੋ।

**9. ਕੀ ਮੈਂ Program of All-Inclusive Care for the Elderly (PACE) ਵਿੱਚ ਨਾਮਾਂਕਣ ਕਰਵਾ ਸਕਦਾ/ਸਕਦੀ ਹਾਂ?**

ਜੇਕਰ ਤੁਹਾਡੀ ਉਮਰ 55 ਸਾਲ ਜਾਂ ਵੱਧ ਹੈ ਅਤੇ ਤੁਹਾਨੂੰ ਘਰ ਵਿੱਚ ਰਹਿਣ ਲਈ ਉੱਚ ਪੱਧਰੀ ਦੇਖਭਾਲ ਦੀ ਲੋੜ ਹੁੰਦੀ ਹੈ, ਤਾਂ ਤੁਸੀਂ ਆਪਣੇ ਖੇਤਰ ਵਿੱਚ PACE ਪਲਾਨ ਵਿੱਚ ਸ਼ਾਮਲ ਹੋਣ ਦੇ ਯੋਗ ਹੋ ਸਕਦੇ ਹੋ।

PACE ਤੁਹਾਨੂੰ ਡਾਕਟਰਾਂ, ਨਰਸਾਂ, ਚਿਕਿਤਸਕਾਂ, ਡ੍ਰਾਈਵਰਾਂ, ਹੋਮਕੇਅਰ ਵਰਕਰਾਂ, ਸਮਾਜ ਸੇਵਕਾਂ, ਗਤੀਵਿਧੀ ਸਮਾਯੋਜਕਾਂ, ਅਤੇ ਆਹਾਰ-ਮਾਹਰਾਂ ਦੀ ਇੱਕ ਨਿੱਜੀ ਦੇਖਭਾਲ ਟੀਮ ਪ੍ਰਦਾਨ ਕਰਦਾ ਹੈ। ਉਹ ਤੁਹਾਡੀ ਸਿਹਤ-ਦੇਖਭਾਲ, ਹੋਮ ਕੇਅਰ, ਆਵਾਜਾਈ, ਅਤੇ ਵਿਸ਼ੇਸ਼ ਦੇਖਭਾਲ ਜਿਵੇਂ ਕਿ ਦੰਦਾਂ ਦੀ ਦੇਖਭਾਲ ਅਤੇ ਸੁਣਨ ਵਿੱਚ ਸਹਾਇਕ ਉਪਕਰਨਾਂ ਵਿੱਚ ਤਾਲਮੇਲ ਕਰਨਗੇ।

PACE ਦੇ ਨਾਲ, ਤੁਸੀਂ ਆਪਣੀ ਜ਼ਿਆਦਾਤਰ ਦੇਖਭਾਲ PACE ਸੈਂਟਰਾਂ ਵਿਖੇ ਪ੍ਰਾਪਤ ਕਰਦੇ ਹੋ। ਤੁਸੀਂ ਉਹਨਾਂ ਦੇ ਸਮਾਜਿਕ ਪ੍ਰੋਗਰਾਮਾਂ ਵਿੱਚ ਵੀ ਹਿੱਸਾ ਲੈ ਸਕਦੇ ਹੋ ਅਤੇ ਉਹਨਾਂ ਦੇ ਸੀਨੀਅਰ ਜਿੰਮਾਂ ਦੀ ਵਰਤੋਂ ਕਰ ਸਕਦੇ ਹੋ। ਕਈ ਵਾਰ ਤੁਹਾਡੀ ਦੇਖਭਾਲ ਟੀਮ ਤੁਹਾਨੂੰ ਘਰ ਵਿੱਚ ਜਾਂ ਦੂਰ ਤੋਂ ਸੇਵਾਵਾਂ ਪ੍ਰਦਾਨ ਕਰਦੀ ਹੈ।

ਜੇਕਰ ਤੁਸੀਂ PACE ਪਲਾਨ ਵਿੱਚ ਸ਼ਾਮਲ ਹੋਣ ਦੀ ਚੋਣ ਕਰਦੇ ਹੋ, ਤਾਂ ਤੁਹਾਡੇ Medi-Cal DMC ਪਲਾਨ ਵਿੱਚੋਂ ਤੁਹਾਡਾ ਨਾਮਾਂਕਣ ਹਟਾ ਦਿੱਤਾ ਜਾਵੇਗਾ ਕਿਉਂਕਿ ਦੰਦਾਂ ਸਬੰਧੀ ਸਾਰੀਆਂ ਸੇਵਾਵਾਂ PACE ਪਲਾਨ ਰਾਹੀਂ ਮੁਹੱਈਆ ਕੀਤੀਆਂ ਜਾਂਦੀਆਂ ਹਨ।

PACE ਵਿੱਚ ਨਾਮਾਂਕਣ ਕਰਾਉਣਾ ਸਵੈ-ਇੱਛਤ ਹੈ। ਤੁਸੀਂ ਕਿਸੇ ਵੀ ਸਮੇਂ ਆਪਣਾ ਨਾਮਾਂਕਣ ਵਾਪਸ ਲੈ ਸਕਦੇ ਹੋ। PACE ਵਿੱਚ ਸ਼ਾਮਲ ਹੋਣ ਲਈ ਇੱਕ ਅਰਜ਼ੀ ਪ੍ਰਕਿਰਿਆ ਹੁੰਦੀ ਹੈ। ਇਸ ਵਿੱਚ ਤੁਹਾਡੀਆਂ ਦੇਖਭਾਲ ਸਬੰਧੀ ਲੋੜਾਂ ਬਾਰੇ ਜਾਣਨ ਲਈ ਇੱਕ ਸਿਹਤ ਮੁਲਾਂਕਣ ਸ਼ਾਮਲ ਹੈ। ਪ੍ਰਕਿਰਿਆ ਵਿੱਚ ਕੁਝ ਹਫਤੇ ਲੱਗ ਸਕਦੇ ਹਨ। ਜੇਕਰ ਤੁਹਾਡੇ ਕੋਲ Medi-Cal ਹੈ, ਤਾਂ PACE ਵਿੱਚ ਨਾਮਾਂਕਣ ਕਰਵਾਉਣ ਲਈ ਕੋਈ ਹੋਰ ਸਹਿ-ਭੁਗਤਾਨ ਜਾਂ ਕਟੌਤੀਆਂ ਨਹੀਂ ਹਨ।

PACE ਸੇਵਾਵਾਂ ਵਿੱਚ ਇਹ ਸ਼ਾਮਲ ਹਨ, ਪਰ ਇਹਨਾਂ ਤੱਕ ਸੀਮਿਤ ਨਹੀਂ ਹਨ:

- ਡਾਕਟਰ ਅਤੇ ਮਾਹਰ ਮੁਲਾਕਾਤਾਂ
- ਹਸਪਤਾਲ ਵਿੱਚ ਦੇਖਭਾਲ ਅਤੇ ਸਰਜਰੀਆਂ
- ਐਮਰਜੈਂਸੀ ਅਤੇ ਜ਼ਰੂਰੀ ਦੇਖਭਾਲ
- ਨਜ਼ਰ ਅਤੇ ਦੰਦਾਂ ਦੀਆਂ ਸੇਵਾਵਾਂ
- ਪ੍ਰਿਸਕ੍ਰਿਪਸ਼ਨ ਦਵਾਈਆਂ

- ਭੌਤਿਕ, ਵਿਵਸਾਇਕ ਅਤੇ ਸਪੀਚ ਥੈਰੇਪੀ
- ਹੋਮ ਹੈਲਥ ਦੇਖਭਾਲ
- ਵਿਵਹਾਰ ਸੰਬੰਧੀ ਸਿਹਤ ਸੇਵਾਵਾਂ
- ਉਪਕਰਨ ਅਤੇ ਡਾਕਟਰੀ ਸਪਲਾਈਜ
- PACE ਸੈਂਟਰਾਂ ਅਤੇ ਬਾਹਰਲੀਆਂ ਡਾਕਟਰੀ ਮੁਲਾਕਾਤਾਂ ਵਾਸਤੇ ਆਉਣ-ਜਾਣ ਲਈ ਆਵਾਜਾਈ
- ਪੋਸ਼ਣ ਸੰਬੰਧੀ ਸਲਾਹ ਅਤੇ ਤਿਆਰ ਭੋਜਨ
- ਨਰਸਿੰਗ ਹੋਮ ਕੇਅਰ

ਇਹ ਪਤਾ ਲਗਾਉਣ ਲਈ ਕਿ ਕੀ PACE ਤੁਹਾਡੀ ਕਾਊਂਟੀ ਵਿੱਚ ਉਪਲਬਧ ਹੈ ਜਾਂ PACE ਬਾਰੇ ਵਧੇਰੇ ਜਾਣਕਾਰੀ ਲਈ, **www.CalPACE.org** ਤੇ ਜਾਓ। ਜਾਂ Health Care Options ਨੂੰ, ਸੋਮਵਾਰ - ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ 1-833-387-7723 (TTY: 1-800-430-7077) 'ਤੇ ਫੋਨ ਕਰੋ।

**10. ਕਿਸ ਵਾਸਤੇ Medi-Cal DMC ਪਲਾਨ ਵਿੱਚ ਸ਼ਾਮਲ ਹੋਣਾ ਜ਼ਰੂਰੀ ਨਹੀਂ ਹੈ?**

ਜੇਕਰ ਤੁਸੀਂ Sacramento ਕਾਊਂਟੀ ਵਿੱਚ ਰਹਿੰਦੇ ਹੋ, ਤਾਂ ਹੋ ਸਕਦਾ ਹੈ ਕਿ ਤੁਹਾਡੇ ਲਈ Medi-Cal DMC ਪਲਾਨ ਵਿੱਚ ਸ਼ਾਮਲ ਹੋਣਾ ਜ਼ਰੂਰੀ ਨਾ ਹੋਵੇ, ਜੇਕਰ ਤੁਸੀਂ:

- ਇੱਕ American Indian/Alaska Native ਹੋ,
- ਅਜਿਹੇ ਮੈਂਬਰ ਹੋ, ਜੋ foster care, Adoption Assistance Program, ਜਾਂ Child Protective Services ਹੇਠ ਸਹਾਇਤਾ ਪ੍ਰਾਪਤ ਕਰਦਾ ਹੈ,
- Medi-Cal DMC ਪਲਾਨ ਵਿੱਚ ਸ਼ਾਮਲ ਹੋਣ ਦੀ ਲੋੜ ਤੋਂ ਲਾਭਪਾਤਰ ਡਾਕਟਰੀ (ਦੰਦਾਂ ਸਬੰਧੀ) ਛੋਟ (medical (dental) exemption) ਪ੍ਰਾਪਤ ਕਰਦੇ ਹੋ।

Medi-Cal DMC ਪਲਾਨ ਵਿੱਚ ਸ਼ਾਮਲ ਹੋਣ ਤੋਂ ਛੋਟਾਂ ਬਾਰੇ ਹੋਰ ਜਾਣਨ ਲਈ, Health Care Options ਨੂੰ ਸੋਮਵਾਰ - ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ 1-833-387-7723 (TTY: 1-800-430-7077) 'ਤੇ ਫੋਨ ਕਰੋ।

**11. ਕੀ ਮੈਨੂੰ ਕਿਸੇ Medi-Cal DMC ਪਲਾਨ ਵਿੱਚ ਸ਼ਾਮਲ ਹੋਣ ਤੋਂ ਡਾਕਟਰੀ (ਦੰਦਾਂ ਸਬੰਧੀ) ਛੋਟ ਮਿਲ ਸਕਦੀ ਹੈ?**

ਜੇਕਰ ਤੁਸੀਂ **Sacramento ਕਾਊਂਟੀ** ਵਿੱਚ ਰਹਿੰਦੇ ਹੋ, ਜਿੱਥੇ ਦੰਦਾਂ ਸਬੰਧੀ ਪ੍ਰਬੰਧਿਤ ਦੇਖਭਾਲ ਜ਼ਰੂਰੀ ਹੈ, ਤਾਂ ਤੁਸੀਂ Medi-Cal DMC ਪਲਾਨ ਤੋਂ ਡਾਕਟਰੀ (ਦੰਦਾਂ ਸਬੰਧੀ) ਛੋਟ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ। ਤੁਸੀਂ ਡਾਕਟਰੀ ਛੋਟ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ, ਜੇਕਰ:

- ਤੁਹਾਡੀ ਕੋਈ ਗੰਭੀਰ ਡਾਕਟਰੀ ਸਥਿਤੀ ਹੈ, ਅਤੇ
- ਤੁਹਾਡਾ **Medi-Cal** ਦੰਦਾਂ ਦਾ ਡਾਕਟਰ ਇੱਕ Medi-Cal Dental Fee-For-Service (FFS) ਦੰਦਾਂ ਦਾ ਡਾਕਟਰ ਹੈ, ਜੋ Sacramento ਕਾਊਂਟੀ ਵਿਚਲੇ Medi-Cal DMC ਪਲਾਨ ਨੈੱਟਵਰਕ ਵਿੱਚ ਨਹੀਂ ਹੈ।

ਜੇਕਰ ਤੁਸੀਂ Medi-Cal Dental FFS ਵਿੱਚ ਬਣੇ ਰਹਿਣਾ ਚਾਹੁੰਦੇ ਹੋ, ਤਾਂ ਜਿੰਨੀ ਜਲਦੀ ਹੋ ਸਕੇ, ਦੰਦਾਂ ਸਬੰਧੀ ਛੋਟ ਦੀ ਮੰਗ ਕਰੋ। ਜ਼ਿਆਦਾਤਰ ਮਾਮਲਿਆਂ ਵਿੱਚ, **90 ਦਿਨਾਂ** ਤੱਕ ਕਿਸੇ Medi-Cal DMC ਪਲਾਨ ਵਿੱਚ ਹੋਣ ਤੋਂ ਬਾਅਦ, ਤੁਸੀਂ Medi-Cal ਡੈਂਟਲ ਪਲਾਨ ਨਾਮਾਂਕਣ ਤੋਂ ਛੋਟ ਲਈ ਯੋਗ ਨਹੀਂ ਹੋ ਸਕਦੇ।

ਤੁਹਾਡਾ ਦੰਦਾਂ ਦਾ ਡਾਕਟਰ ਜਾਂ ਕੋਈ ਵਕੀਲ ਤੁਹਾਨੂੰ ਫਾਰਮ ਭਰਨ ਵਿੱਚ ਮਦਦ ਕਰ ਸਕਦਾ ਹੈ। ਤੁਹਾਡੇ ਦੰਦਾਂ ਦੇ ਡਾਕਟਰ ਨੂੰ ਵੀ ਫਾਰਮ ਦੇ ਕੁਝ ਭਾਗਾਂ ਨੂੰ ਭਰਨ ਦੀ ਲੋੜ ਪਵੇਗੀ। ਭਰੇ ਹੋਏ ਫਾਰਮ ਨੂੰ Medi-Cal Health Care Options (HCO) ਨੂੰ ਵਾਪਸ ਭੇਜੋ।

ਦੋ ਤਰੀਕੇ ਹਨ, ਜਿਹਨਾਂ ਨਾਲ ਤੁਸੀਂ ਡਾਕਟਰੀ (ਦੰਦਾਂ ਸਬੰਧੀ) ਛੋਟ ਦੀ ਮੰਗ ਕਰ ਸਕਦੇ ਹੋ:

1. Medi-Cal HCO ਨੂੰ ਸੋਮਵਾਰ - ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ 1-833-387-7723 (TTY: 1-800-430-7077) 'ਤੇ ਫੋਨ ਕਰੋ।
2. **www.healthcareoptions.dhcs.ca.gov** ਤੇ Medi-Cal HCO ਤੇ ਜਾਓ।

ਜੇਕਰ ਤੁਹਾਡੀ ਛੋਟ ਮਨਜ਼ੂਰ ਕਰ ਲਈ ਜਾਂਦੀ ਹੈ, ਤਾਂ ਤੁਸੀਂ Medi-Cal Dental FFS ਵਿੱਚ ਰਹਿ ਸਕਦੇ ਹੋ ਅਤੇ ਡਾਕਟਰੀ (ਦੰਦਾਂ ਸਬੰਧੀ) ਛੋਟ ਖਤਮ ਹੋਣ ਤੱਕ ਆਪਣੇ ਦੰਦਾਂ ਦੇ ਡਾਕਟਰ ਨੂੰ ਰੱਖ ਸਕਦੇ ਹੋ।

ਜੇਕਰ ਤੁਹਾਡੀ ਛੋਟ ਅਸਵੀਕਾਰ ਹੁੰਦੀ ਹੈ, ਤਾਂ ਤੁਸੀਂ ਆਪਣੇ ਡਾਕਟਰ ਨੂੰ ਰੱਖਣ ਦੇ ਯੋਗ ਹੋ ਸਕਦੇ ਹੋ, ਜੇਕਰ ਤੁਸੀਂ ਆਪਣੇ Medi-Cal DMC ਸਿਹਤ ਪਲਾਨ ਤੋਂ ਦੇਖਭਾਲ ਦੀ ਨਿਰੰਤਰਤਾ ਦੀ ਮੰਗ ਕਰਦੇ ਹੋ।

ਡਾਕਟਰੀ ਛੋਟਾਂ ਅਤੇ ਉਹਨਾਂ ਦੀ ਮੰਗ ਕਰਨ ਦੇ ਤਰੀਕੇ ਬਾਰੇ ਹੋਰ ਜਾਣਨ ਲਈ, Medi-Cal HCO ਦੀ ਵੈੱਬਸਾਈਟ **www.healthcareoptions.dhcs.ca.gov** 'ਤੇ ਜਾਓ।

## 12. ਲਾਭਪਾਤਰ ਡੈਂਟਲ ਛੋਟ (BDE) ਪ੍ਰਕਿਰਿਆ ਕੀ ਹੈ?

ਜੇਕਰ ਤੁਸੀਂ **Sacramento ਕਾਊਂਟੀ** ਵਿੱਚ ਰਹਿੰਦੇ ਹੋ, ਜਿੱਥੇ ਦੰਦਾਂ ਸਬੰਧੀ ਪ੍ਰਬੰਧਿਤ ਦੇਖਭਾਲ ਜ਼ਰੂਰੀ ਹੈ, ਤਾਂ ਤੁਸੀਂ ਡੈਂਟਲ ਪਲਾਨ ਤੋਂ ਲਾਭਪਾਤਰ ਦੰਦਾਂ ਸਬੰਧੀ ਛੋਟ ਲਈ ਯੋਗ ਹੋ ਸਕਦੇ ਹੋ, ਜੇਕਰ ਤੁਸੀਂ ਆਪਣੇ Dental Managed Care (DMC) ਪਲਾਨ ਤੋਂ ਪ੍ਰਾਪਤ ਕਰਨ ਦੇ ਯੋਗ ਨਹੀਂ ਹੋ:

- 24 ਘੰਟਿਆਂ ਦੇ ਅੰਦਰ "ਐਮਰਜੈਂਸੀ" (ਦਰਦ, ਸੋਜਸ਼, ਅਤੇ/ਜਾਂ ਖੂਨ ਵਗਣਾ) ਅਪੋਇੰਟਮੈਂਟ,
- ਚਾਰ (4) ਹਫਤਿਆਂ ਦੇ ਅੰਦਰ "ਨਿਯਮਿਤ" (ਗੈਰ-ਐਮਰਜੈਂਸੀ) ਅਪੋਇੰਟਮੈਂਟ, ਜਾਂ
- ਅਧਿਕਾਰਤ ਬੇਨਤੀ ਤੋਂ 30 ਦਿਨਾਂ ਦੇ ਅੰਦਰ ਇੱਕ "ਮਾਹਰ" ਨਾਲ ਅਪਾਇੰਟਮੇਂਟ।

ਜੇਕਰ ਤੁਹਾਨੂੰ ਅਪੋਇੰਟਮੈਂਟ ਤੈਅ ਕਰਨ ਵਿੱਚ ਮੁਸ਼ਕਲ ਹੋ ਰਹੀ ਹੈ, ਜਿਵੇਂ ਕਿ ਉੱਪਰ ਦਿੱਤਾ ਗਿਆ ਹੈ, ਤਾਂ ਤੁਸੀਂ ਲਾਭਪਾਤਰ ਦੰਦਾਂ ਸਬੰਧੀ ਛੋਟ ਦੀ ਮੰਗ ਕਰ ਸਕਦੇ ਹੋ। ਦੋ ਤਰੀਕੇ ਹਨ, ਜਿਹਨਾਂ ਨਾਲ ਤੁਸੀਂ ਲਾਭਪਾਤਰ ਦੰਦਾਂ ਸਬੰਧੀ ਛੋਟ ਦੀ ਮੰਗ ਕਰ ਸਕਦੇ ਹੋ:

1. ਲਾਭਪਾਤਰ ਡੈਂਟਲ ਛੋਟ ਲਾਈਨ ਨੂੰ ਸੋਮਵਾਰ – ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ 1-855-347-3310 'ਤੇ ਫੋਨ ਕਰੋ।
2. ਲਾਭਪਾਤਰ ਡੈਂਟਲ ਛੋਟ ਵੈਬਪੇਜ ਤੇ, **dental.dhcs.ca.gov/Members/Dental_Managed_Care/BeneficiaryDentalException** 'ਤੇ ਜਾਓ।

ਜੇਕਰ ਤੁਹਾਡੀ ਛੋਟ ਮਨਜ਼ੂਰ ਹੁੰਦੀ ਹੈ, ਤਾਂ ਤੁਸੀਂ Medi-Cal Dental FFS ਵਿੱਚ ਜਾ ਸਕਦੇ ਹੋ।

## 13. ਮੈਂ Medi-Cal ਰਾਹੀਂ ਹੋਰ ਕਿਹੜੀਆਂ ਸੇਵਾਵਾਂ ਪ੍ਰਾਪਤ ਕਰ ਸਕਦਾ/ਸਕਦੀ ਹਾਂ?

### ਆਵਾਜਾਈ

ਜੇਕਰ ਤੁਹਾਡੇ ਕੋਲ ਡਾਕਟਰ, ਕਲੀਨਿਕ, ਦੰਦਾਂ ਦੇ ਡਾਕਟਰ, ਮਾਨਸਿਕ ਸਿਹਤ, ਅਤੇ ਨਸ਼ੀਲੇ ਪਦਾਰਥਾਂ ਦੇ ਸੇਵਨ ਸਬੰਧੀ ਵਿਗਾੜ ਦੀਆਂ ਇਲਾਜ ਸੇਵਾਵਾਂ ਪ੍ਰਾਪਤ ਕਰਨ, ਜਾਂ ਕੋਈ ਦਵਾਈ ਲੈਣ ਜਾਂ Medi-Cal ਦੁਆਰਾ ਸ਼ਾਮਲ ਕੀਤੀਆਂ ਹੋਰ ਸੇਵਾਵਾਂ ਤੱਕ ਪਹੁੰਚਣ ਦਾ ਕੋਈ ਸਾਧਨ ਨਹੀਂ ਹੈ, ਤਾਂ ਤੁਸੀਂ ਮੁਫਤ ਆਵਾਜਾਈ ਸੇਵਾਵਾਂ ਲਈ ਯੋਗ ਹੋ ਸਕਦੇ ਹੋ। ਤੁਸੀਂ ਇਹ Non-Medical Transportation (NMT) ਸੇਵਾਵਾਂ, ਕਾਰ, ਟੈਕਸੀ, ਬੱਸ, ਜਾਂ ਹੋਰ ਜਨਤਕ ਜਾਂ ਨਿੱਜੀ ਵਾਹਨ ਦੁਆਰਾ ਪ੍ਰਾਪਤ ਕਰ ਸਕਦੇ ਹੋ। NMT ਤੁਹਾਡੇ Medi-Cal ਵੱਲੋਂ ਸ਼ਾਮਲ ਕੀਤੀਆਂ ਅਪੋਇੰਟਮੈਂਟਾਂ ਲਈ ਉਪਲਬਧ ਹੈ ਪਰੰਤੂ Medi-Cal ਸਿਹਤ ਪਲਾਨ ਦੁਆਰਾ ਸ਼ਾਮਲ ਕੀਤੀਆਂ ਲਈ ਨਹੀਂ। ਇਹਨਾਂ ਲਾਭਾਂ ਵਿੱਚ ਸ਼ਾਮਲ ਹਨ, ਨਸ਼ੀਲੇ ਪਦਾਰਥਾਂ ਦੇ ਸੇਵਨ ਸੰਬੰਧੀ ਵਿਗਾੜ ਦੀਆਂ ਇਲਾਜ ਸੇਵਾਵਾਂ।

ਜੇਕਰ ਤੁਸੀਂ ਆਪਣੀ ਸਿਹਤ ਸੰਬੰਧੀ ਸਮੱਸਿਆਵਾਂ ਦੇ ਕਾਰਨ ਕਾਰ, ਬੱਸ, ਟੈਕਸੀ, ਜਾਂ ਹੋਰ ਜਨਤਕ ਜਾਂ ਨਿੱਜੀ ਵਾਹਨ ਦੀ ਵਰਤੋਂ ਨਹੀਂ ਕਰ ਸਕਦੇ, ਤਾਂ ਆਪਣੀਆਂ ਅਪੋਇੰਟਮੈਂਟਾਂ ਲਈ ਜਾਣ ਵਾਸਤੇ, Non-Emergency Medical Transportation (NEMT) ਸੇਵਾਵਾਂ ਪ੍ਰਾਪਤ ਕਰ ਸਕਦੇ ਹੋ। ਇਹ ਸੇਵਾ ਐਂਬੂਲੈਂਸ, ਵ੍ਹੀਲਚੇਅਰ ਵੈਨ, ਜਾਂ ਲਿਟਰ ਵੈਨ

ਦੁਆਰਾ ਦਿੱਤੀ ਜਾਂਦੀ ਹੈ। NEMT ਦੀ ਮੰਗ ਕਰਨ ਲਈ ਤੁਹਾਡੇ ਕੋਲ ਕਿਸੇ ਲਾਇਸੰਸਸ਼ੁਦਾ ਪ੍ਰਦਾਤਾ ਵੱਲੋਂ ਪ੍ਰਿਸਕ੍ਰਿਪਸ਼ਨ ਦੀ ਲੋੜ ਹੋਵੇਗੀ। NEMT ਉਹਨਾਂ ਲੋਕਾਂ ਲਈ ਹੈ, ਜੋ ਜਨਤਕ ਜਾਂ ਨਿੱਜੀ ਆਵਾਜਾਈ ਦੀ ਵਰਤੋਂ ਨਹੀਂ ਕਰ ਸਕਦੇ। ਤੁਹਾਡਾ ਮੁੱਖ ਦੇਖਭਾਲ ਪ੍ਰਦਾਤਾ, ਦੰਦਾਂ ਦਾ ਡਾਕਟਰ, ਪੈਰ ਦਾ ਡਾਕਟਰ, ਮਾਨਸਿਕ ਸਿਹਤ, ਜਾਂ ਨਸ਼ੀਲੇ ਪਦਾਰਥਾਂ ਦੇ ਸੇਵਨ ਸਬੰਧੀ ਵਿਗਾੜ ਦਾ ਪ੍ਰਦਾਤਾ ਇਹ ਪ੍ਰਿਸਕ੍ਰਾਈਬ ਕਰ ਸਕਦਾ ਹੈ।

ਤੁਹਾਡਾ Medi-Cal Dental Managed Care ਪਲਾਨ ਜਾਂ ਸਿਹਤ ਪਲਾਨ ਆਵਾਜਾਈ ਦਾ ਸਮਾਂ ਤੈਅ ਕਰਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ। ਸਵਾਰੀ ਦੀ ਮੰਗ ਕਰਨ ਲਈ ਆਪਣੇ Medi-Cal ਸਿਹਤ ਪਲਾਨ ਦੀਆਂ ਮੈਂਬਰ ਸੇਵਾਵਾਂ ਨੂੰ ਫੋਨ ਕਰੋ।

ਆਵਾਜਾਈ ਦੀ ਮੰਗ ਕਰਦੇ ਸਮੇਂ, ਤੁਹਾਡੇ ਲਈ ਮੁਲਾਕਾਤ ਤੋਂ ਪਹਿਲਾਂ ਜਿੰਨੀ ਜਲਦੀ ਹੋ ਸਕੇ, ਆਪਣੇ Medi-Cal ਸਿਹਤ ਪਲਾਨ ਨੂੰ ਸੰਪਰਕ ਕਰਨਾ ਲਾਜ਼ਮੀ ਹੈ। ਜੇਕਰ ਤੁਹਾਡੀਆਂ ਕਈ ਅਪੋਇੰਟਮੈਂਟਾਂ ਹਨ, ਤਾਂ ਤੁਸੀਂ ਉਹਨਾਂ ਅਪੋਇੰਟਮੈਂਟਾਂ ਲਈ ਵੀ ਆਵਾਜਾਈ ਦੀ ਮੰਗ ਕਰ ਸਕਦੇ ਹੋ।

## 14. ਮੈਂ ਕਿੱਥੋਂ ਵਧੇਰੇ ਜਾਣਕਾਰੀ ਜਾਂ ਮਦਦ ਪ੍ਰਾਪਤ ਕਰ ਸਕਦਾ/ਸਕਦੀ ਹਾਂ?

Medi-Cal DMC ਪਲਾਨ ਵਿਕਲਪਾਂ ਬਾਰੇ ਸਵਾਲਾਂ ਲਈ:

- Medi-Cal Health Care Options (HCO) ਨੂੰ ਸੋਮਵਾਰ - ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ 1-833-387-7723 (TTY: 1-800-430-7077) 'ਤੇ ਫੋਨ ਕਰੋ। ਜਾਂ Medi-Cal HCO ਤੇ **www.healthcareoptions.dhcs.ca.gov** 'ਤੇ ਜਾਓ।

Medi-Cal Dental ਪ੍ਰੋਗਰਾਮ ਬਾਰੇ ਸਵਾਲਾਂ ਲਈ:

- Medi-Cal ਡੈਂਟਲ ਟੈਲੀਫੋਨ ਸੇਵਾ ਕੇਂਦਰ ਨੂੰ ਸੋਮਵਾਰ – ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ 1-800-322-6384 (TTY: 1-800-735-2922 ਜਾਂ 711) ਤੇ ਫੋਨ ਕਰੋ। ਜਾਂ **www.dental.dhcs.ca.gov** 'ਤੇ ਜਾਓ।

Medi-Cal ਬਾਰੇ ਸਵਾਲਾਂ ਲਈ:

- Medi-Cal ਹੈਲਪਲਾਈਨ ਨੂੰ ਸੋਮਵਾਰ – ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ 1-800-541-5555 'ਤੇ ਫੋਨ ਕਰੋ। ਕਾਲ ਮੁਫਤ ਹੈ ਅਤੇ TTY ਪਹੁੰਚਯੋਗ ਵੀ ਹੈ।

ਤੁਹਾਡਾ Medi-Cal DMC ਪਲਾਨ ਕਿਉਂ ਬਦਲ ਰਿਹਾ ਹੈ, ਇਸ ਬਾਰੇ ਸਵਾਲਾਂ ਲਈ:

- Medi-Cal Ombudsman Office ਨੂੰ ਸੋਮਵਾਰ – ਸ਼ੁੱਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ 1-888-452-8609 (TTY: California State Relay ਲਈ 711) 'ਤੇ ਫੋਨ ਕਰੋ। ਕਾਲ ਮੁਫਤ ਹੈ। ਜਾਂ ਉਹਨਾਂ ਨੂੰ **MMCDOmbudsmanOffice@dhcs.ca.gov** 'ਤੇ ਈਮੇਲ ਕਰੋ। Medi-Cal Ombudsman ਦਫਤਰ, Medi-Cal ਵਾਲੇ ਲੋਕਾਂ ਦੀ ਉਹਨਾਂ ਦੇ ਲਾਭਾਂ ਦੀ ਵਰਤੋਂ ਕਰਨ ਅਤੇ ਉਹਨਾਂ ਦੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਨੂੰ ਜਾਣਨ ਵਿੱਚ ਮਦਦ ਕਰਦਾ ਹੈ।

## 15. ਕੀ ਹੋਵੇਗਾ ਜੇਕਰ ਮੈਂ ਇੱਕ American Indian ਜਾਂ Alaska Native ਮੈਂਬਰ ਹਾਂ?

ਜੇਕਰ ਤੁਸੀਂ ਇੱਕ American Indian/Alaska Native (AI/AN) ਮੈਂਬਰ ਹੋ ਜਿਸ ਦਾ ਇੱਕ Dental Managed Care ਪਲਾਨ ਵਿੱਚ ਨਾਮ ਦਰਜ ਹੈ, ਤਾਂ ਤੁਸੀਂ ਆਪਣੀ ਪਸੰਦ ਦੇ ਇੱਕ Indian Health Care ਪ੍ਰਦਾਤਾ ਤੋਂ ਸੇਵਾਵਾਂ ਪ੍ਰਾਪਤ ਕਰਨਾ ਜਾਰੀ ਰੱਖ ਸਕਦੇ ਹੋ। ਜੇਕਰ ਤੁਹਾਡੇ ਆਪਣੇ ਲਾਭਾਂ ਬਾਰੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਆਪਣੀ Dental Managed Care ਪਲਾਨ ਜਾਂ Medi-Cal Dental ਪ੍ਰੋਗਰਾਮ ਟੈਲੀਫੋਨ ਸੇਵਾ ਕੇਂਦਰ ਨਾਲ 1-800-322-6384 'ਤੇ ਸੰਪਰਕ ਕਰੋ।